# ਰਾਜਾ ਰਸਾਲੂ ਦੀ ਦੰਤ ਕਥਾ ਅਧਾਰਿਤ ਨਾਟਕਾਂ ਦਾ ਅਧਿਐਨ

ਡਾ. ਜਤਿੰਦਰ ਕੋਰ
ਗੁਰੂ ਨਾਨਕ ਕਾਲਜ, ਬੁਢਲਾਡਾ

ਸਾਹਿਤ ਭਾਵੇਂ ਕੋਈ ਵੀ ਹੋਵੇ ਲੋਕ ਸਾਹਿਤ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ। ਲੋਕ ਸਾਹਿਤ ਮਨੁੱਖ ਦੇ ਸਮੁੱਚੇ ਜੀਵਨ ਵਿੱਚ ਸਮਾਇਆ ਹੋਇਆ ਹੈ। ਲੋਕ ਸਾਹਿਤ ਕਿਸੇ ਕੌਮ ਦਾ ਮਹੱਤਵਪੂਰਨ ਖਜਾਨਾ ਹੈ ਜਿਸ ਵਿਚ ਕਿਸੇ ਕੌਮ ਦੀ ਨੁਹਾਰ ਦੇਖੀ ਜਾ ਸਕਦੀ ਹੈ। ਲੋਕ ਸਾਹਿਤ ਦਾ ਘੇਰਾ ਐਨਾ ਵਿਸ਼ਾਲ ਹੈ ਕਿ ਲੋਕ ਗੀਤ, ਲੋਕ ਕਥਾਵਾ, ਬੁਝਾਰਤਾਂ, ਅਖੌਤਾ, ਮੁਹਾਵਰੇ ਆਦਿ ਸਭ ਇਸ ਵਿਚ ਆਉਂਦੇ ਹਨ। ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਲੋਕ-ਕਥਾ ਦਾ ਆਪਣਾਵਿਸ਼ੇਸ਼ ਸਥਾਨ ਹੈ ਕਿਉਂਕਿ ਲੋਕ-ਕਥਾ ਵਿੱਚ ਲੋਕ ਮਨ ਦੀ ਗੱਲ ਨੂੰ ਬੜੇ ਰੌਚਿਕ ਢੰਗ ਨਾਲ ਸਿਖਿਆਤਮਕ ਰੂਪ ਵਿਚ ਬਿਰਤਾਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਲੋਕ-ਕਥਾ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਲੋਕ ਦਾ ਅਰਥ ਹੈ ਦੇਖਣ ਵਾਲਾ । ਲੋਕ ਸ਼ਬਦ ਅੰਗਰੇਜੀ ਦੇ Folk ਸ਼ਬਦ ਦਾ ਸਮਾਨਅਰਥਕ ਤੇ ਜਰਮਨ ਦੇ Valk ਸ਼ਬਦ ਦਾ ਰੁਪਾਂਤਰਨ ਹੈ। ਇਸ ਤਰਾਂ ਕਥਾ ਦੇ ਅਰਥ ਹਨ, ਕਥਾ, ਕਹਾਣੀ, ਕਥਨ, ਬਿਆਨ ਕਰਨਾ ।[1]ਪੰਜਾਬੀ ਵਿੱਚ ਕਥਾ ਸ਼ਬਦ ਭਾਵੇਂ ਕਹਾਣੀ ਲਈ ਵਰਤਿਆ ਜਾਂਦਾ ਹੈ ਪਰ ਸਹਿਜ ਰੂਪ ਵਿਚ ਇਹ ਇਕ ਖਾਸ ਪ੍ਰਕਾਰ ਦੇ ਉਪਦੇਸ਼ਾਤਮਿਕ ਪ੍ਰਸੰਗ ਲਈ ਪ੍ਰਯੋਗ ਹੁੰਦਾ ਹੈ। ਇਸ ਤਰ੍ਹਾਂ ਲੋਕ ਕਥਾ ਇਕ ਅਜਿਹਾ ਬਿਰਤਾਂਤ ਹੈ ਜਿਸ ਵਿਚ ਲੋਕ ਮਨ ਦੀ ਅਭਿਵਿਅਕਤੀ ਨੂੰ ਲੋਕ ਸਮੂਹ ਦੁਆਰਾ ਪ੍ਰਵਾਨਗੀ ਦੇ ਕੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਿਆ ਜਾਂਦਾ ਹੈ। ਲੋਕ ਕਲਪਨਾ ਦੀ ਪਕੜ੍ਹ ਵਿਚ ਜੋ ਕੁਝ ਵੀ ਆਉਂਦਾ ਹੈ, ਉਹ ਲੋਕ ਕਥਾ ਦਾ ਵਿਸ਼ਾ ਬਣਦਾ ਹੈ।

ਲੋਕ ਕਥਾ ਦੇ ਵਿਸ਼ੇ ਖੇਤਰ ਉੱਤੇ ਕਿਸੇ ਕਿਸਮ ਦੀ ਕੋਈ ਸੀਮਾਬੰਦੀ ਨਹੀਂ। ਲੋਕ-ਕਥਾ ਦੇ ਸਭਾਓ, ਪਾਤਰਾਂ, ਘਟਨਾਵਾਂ ਨੂੰ ਦੇਖਇਆ ਇਨ੍ਹਾਂ ਨੂੰ ਮਿਥ ਕਥਾ, ਦੰਤ ਕਥਾ, ਪਸੂ ਕਥਾ, ਪਰੀ ਕਥਾ,

[1] ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਨਾ 219.

ਪ੍ਰੇਤ ਕਥਾ,ਬੁਝਾਰਤਾਂ, ਟੋਟਕਾ ਆਦਿ ਵਿਚ ਵੰਡਿਆ ਗਿਆ ਹੈ। ਮਿਥ-ਕਥਾ ਨੂੰ ਲੋਕ-ਕਥਾ ਦੇ ਪ੍ਰਤੀਨਿਧ ਸ੍ਰੇਣੀ ਮੰਨਿਆ ਜਾਂਦਾ ਹੈ। ਇਸ ਤੋਂ ਬਾਦ ਦੰਤ ਕਥਾ ਦਾ ਨਾਂ ਆਉਂਦਾ ਹੈ। ਦੰਤ ਕਥਾ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਦੇਵੀ ਦੇਵਤਿਆਂ ਦੀ ਥਾਂ ਮਨੁੱਖ ਪ੍ਰਵੇਸ਼ ਕਰਦਾ ਹੈਤੇ ਮਿਥਕ ਗੁਣਾਂ ਨੂੰ ਮਨੁੱਖੀ ਨਾਇਕ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਦੰਤ ਕਥਾ ਹੋਂਦ ਵਿਚ ਆਉਂਦੀ ਹੈ।

ਅਵਦਾਨ ਸੰਸਕ੍ਰਿਤ ਅਪਦਾਨ ਦਾ ਪ੍ਰਾਕ੍ਰਿਤ ਰੂਪ ਹੈ ਜਿਸ ਦਾ ਅਰਥ ਹੈ ਸਤਿ ਕਰਮ। ਮਹਾਤਮਾ ਬੁੱਧ ਦੇ ਜੀਵਨ ਨਾਲ ਸਬੰਧਿਤ ਕਥਾਵਾਂ ਦੇ ਗ੍ਰੰਥ ਅਵਦਾਨ ਸਤਕ, ਦਿਵਯਾ ਵਦਾਨ ਅਤੇ ਅਵਦਾਨ ਕਲਪਲਤਾ ਇਸੇ ਭਾਵਨਾ ਦਾ ਸੂਚਕ ਹਨ। ਵਰਤਮਾਨ ਸਮੇਂ ਵਿਚ ਅਵਦਾਨ ਪਦ ਨੂੰ ਅੰਗਰੇਜੀ ਦੇ Legend ਦਾ ਸਮਾਨਰਥਕ ਸ਼ਬਦ ਮੰਨ ਲਿਆ ਗਿਆ ਹੈ। ਦੰਤ ਕਥਾ ਦੇਵੀ ਦੇਵਤਿਆਂ ਦੀ ਥਾਂ ਇਤਿਹਾਸਕ ਜਾ ਅਰਥ ਇਤਿਹਾਸਕ ਪਾਤਰਾਂ ਨਾਲ ਜੁੜ ਕੇ ਹੋਂਦ ਵਿਚ ਆਉਂਦੀ ਹੈ। ਦੰਤ ਕਥਾ ਵਿਚ ਕੁਝ ਅੰਸ਼ ਇਤਿਹਾਸਕਾ ਦਾ ਹੁੰਦਾ ਹੈ ਤੇ ਕੁਝ ਅੰਸ਼ ਗਲਪ ਦਾ। ਹਰ ਪੀੜੀ ਆਪਣੇ ਅਨੁਭਵ ਅਨੁਸਾਰ ਇਸ ਵਿਚ ਬਦਲਾਵ ਕਰਦੀ ਰਹਿੰਦੀ ਹੈ ਜਿਸ ਕਾਰਨ ਇਹ ਨਿਸਚਿਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਹੜਾ ਅੰਸ ਇਤਿਹਾਸਕ ਹੈ ਤੇ ਕਿਹੜਾ ਕਾਲਪਨਿਕ।

ਦੰਤ ਕਥਾ ਦਾ ਖੇਤਰ ਵਿਸ਼ਾਲ ਹੋਣ ਕਾਰਨ ਇਸ ਦੇ ਵਰਗੀਕਰਨ ਬਾਰੇ ਵਿਦਵਾਨਾਂ ਦੇ ਵਿਚਾਰ ਵੱਖ-ਵੱਖ ਹਨ। ਦੰਤ ਕਥਾ ਦੀ ਪ੍ਰਾਕ੍ਰਿਤੀ ਵਿਸ਼ੇ ਤੇ ਸੁਭਾਓ ਨੂੰ ਦੇਖਦਿਆ ਦੰਤ ਕਥਾ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ-

(1) ਪ੍ਰੀਤ ਕਥਾਵਾਂ

(2) ਭਗਤਾ, ਸੰਤਾਂ ਅਤੇ ਰਾਜਿਆਂ ਸਬੰਧੀ ਕਥਾਵਾਂ

(3) ਅਵਦਾਨ ਪਰੰਪਰਾ ਅਤੇ ਗੁਰੂ ਨਾਨਕ

(4) ਸਾਮੀ ਅਥਵਾ ਇਸਲਾਮੀ ਅਵਦਾਨ

(5) ਵਿਵਿਧ ਲੋਕ ਕਥਾਵਾਂ

(6) ਕਥਾਨਕ ਰੂੜੀਆਂ [2]

ਪੰਜਾਬੀ ਲੋਕ ਕਥਾਵਾਂ ਵਿਚ ਜਿਥੇ ਜੋਗੀਆਂ, ਪੀਰਾਂ ਫਕੀਰਾਂ ਤੇ ਗੁਰੂਆਂ ਨਾਲ ਸਬੰਧਿਤ ਦੰਤ ਕਥਾਵਾਂ ਮਿਲਦੀਆਂ ਹਨ। ਉਥੇ ਹੀਰ ਰਾਝਾਂ, ਮਿਰਜਾ ਸਾਹਿਬਾ, ਸੋਹਣੀ ਮਹਿਵਾਲ, ਸੱਸੀ ਪੁੰਨੂੰ ਤੇ ਸੀਰੀ ਫਰਿਹਾਦ ਦੀਆਂ ਪ੍ਰੀਤ ਕਥਾਵਾਂ ਵੀ ਪੰਜਾਬੀਆਂ ਵਿਚ ਹਰਮਨ ਪਿਆਰੀਆਂ ਹਨ ਅਤੇ ਨਾਲ ਹੀ ਸਦਾਚਾਰ ਤੇ ਬੀਰਤਾ ਦੇ ਵਿਸ਼ੇ ਨਾਲ ਸਬੰਧਿਤ ਪੂਰਨ ਭਗਤ, ਰਾਜਾ ਰਸਾਲੂ ਤੇ ਦੁੱਲੇ ਭੱਟੀ ਦੀ ਦੰਤ ਕਥਾ ਵੀ ਪੰਜਾਬੀਆਂ ਵਿਚ ਬੀਰਤਾ ਦੀ ਭਾਵਨਾ ਨੂੰ ਪੇਸ਼ ਕਰਦੀ ਹੈ। ਦੰਤ ਕਥਾਵਾਂ ਉੱਤੇ ਅਧਾਰਿਤ ਸੰਪੂਰਨ ਰਚਨਾਵਾਂ ਸਭ ਤੋਂ ਪਹਿਲਾਂ ਕਿੱਸਾ ਕਾਵਿ ਦੇ ਅੰਤਰਗਤ ਰਚੀਆਂ ਗਈਆਂ। ਆਦਿ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਜਿੰਨੀਆਂ ਵੀ ਸਾਹਿਤ ਉੱਤੇ ਰਚਨਾਵਾਂ ਦੀ ਰਚਨਾ ਕੀਤੀ ਗਈ ਹੈ ਉਹ ਸਾਰੀਆਂ ਰਚਨਾਵਾਂ ਕਿਸੇ ਨਾ ਕਿਸੇ ਰੂਪ ਵਿਚਲੋਕ ਸਾਹਿਤ ਉੱਤੇ ਆਧਾਰਿਤ ਹਨ। ਆਧੁਨਿਕ ਸਾਹਿਤ ਰੂਪ ਜਿਵੇਂ ਕਵਿਤਾ, ਨਾਵਲ, ਕਹਾਣੀ, ਨਾਟਕ ਆਦਿ ਵਿਚ ਵੀ ਸਾਹਿਤਕਾਰ ਨੇ ਦੰਤ ਕਥਾਵਾਂ ਤੇ ਆਧਾਰਿਤ ਕਥਾਵਾਂ ਨੂੰ ਨਵੇਂ ਅਰਥ ਦੇਣ ਦਾ ਉਪਰਾਲਾ ਕੀਤਾ ਹੈ।

ਆਧੁਨਿਕ ਸਾਹਿਤ ਵਿਚ ਨਾਟਕ ਇਕ ਅਜਿਹੀ ਵਿਧਾ ਹੈ ਜਿਸ ਵਿਚ ਦੰਤ ਕਥਾਵਾਂ ਦਾ ਪੁਨਰ ਸਿਰਜਨ ਤੇ ਪੁਨਰ ਕਥਨ ਦੋਵਾਂ ਪੱਖਾਂ ਤੋਂ ਸਿਰਜਣਾ ਕੀਤੀ ਮਿਲਦੀ ਹੈ। ਨਾਟਕ ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਵਿਚ ਰੰਗਮੰਚ ਬੁਨਿਆਦੀ ਸ਼ਰਤ ਹੈ। ਦੰਤ ਕਥਾਵਾਂ ਨੂੰ ਅਧਾਰ ਬਣਾ ਕੇ ਬਹੁਤ ਸਾਰੇ ਨਾਟਕਕਾਰਾਂ ਨੇ ਨਾਟਕ ਲਿਖੇ ਹਨ, ਜਿਵੇਂ ਬਲਵੰਤ ਗਾਰਗੀ ਨੇ ਮਿਰਜਾ ਸਾਹਿਬਾ, ਫਿਰੋਜਦੀਨ ਸ਼ਰਫ ਨੇ ਹੀਰ ਸਿਆਲ ਆਤਮਜੀਤ ਨੇ ਪੂਰਨ ਕਪੂਰ ਸਿੰਘ ਘੁੰਮਣ ਨੇ ਰਾਣੀ ਕੋਕਿਲਾ ਤੇ ਬਾਬਾ ਬੁੱਧ ਸਿੰਘ ਨੇ ਮੁੰਦਰੀ ਛਲ ਆਦਿ। ਇਸ ਪੇਪਰ ਵਿਚ ਕੇਵਲ ਹਰਸ਼ਰਨ ਸਿੰਘ ਦੇ ਨਾਟਕ ਰਾਜਾ ਰਸਾਲੂ ਤੇ ਬਾਵਾ ਬੁੱਧ ਸਿੰਘ ਦੇ ਨਾਟਕ ਮੁੰਦਰੀ ਛਲ ਦਾ ਹੀ ਅਧਿਐਨ ਕੀਤਾ ਜਾਵੇਗਾ।

ਰਾਜਾ ਰਸਾਲੂ ਦੀ ਲੋਕ ਕਥਾ ਸਦੀਆਂ ਤੋਂ ਭਾਰਤੀ ਤੇ ਪੰਜਾਬੀ ਪਰੰਪਰਾ ਦਾ ਇਕ ਹਿੱਸਾ ਰਾਜਾ ਰਸਾਲੂ ਦੀ ਕਥਾ ਨੂੰ ਕਿੱਸਾਕਾਰ ਕਾਦਰਯਾਰ ਨੇ ਕਲਮਬੰਧਕੀਤਾ। ਸਰ ਰਿਚਰਡ ਟੈਪਲ ਨੇ 19 ਵੀਂ ਸਦੀ ਵਿਚ ਕਿਸੇ ਲੋਕ ਕਵੀ ਤੋਂ ਸੁਣ ਕੇ ਇਸ ਕਥਾ ਨੂੰ ਕਲਮਬੰਧ ਕੀਤਾ। ਪਾਦਰੀ

[2]ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ,

ਸਵਿਨਰਟਨ ਨੇ ਇਸ ਕਥਾ ਨੂੰ ਲੋਕਾਂ ਕੋਲੋ ਸੁਣਕੇ ਲਿਖਿਆ। ਰਾਜਾ ਰਸਾਲੂ ਦੀ ਕਥਾ ਨੂੰ ਬਾਵਾ ਬੁੱਧ ਸਿੰਘ ਨੇ ਕਥਾ ਦੇ ਰੂਪ ਵਿਚ ਪੇਸ਼ ਕੀਤਾ। ਬਾਬਾ ਬੁੱਧ ਸਿੰਘ ਨੇ ਟੈਪਲ ਤੇ ਸਵਿਨਰਟਨ ਦੀਆਂ ਪੁਸਤਕਾਂ ਨੂੰ ਹੀ ਅਧਾਰ ਬਣਾ ਕੇ ਕਥਾ ਲਿਖੀ ਹੈ । ਇਸ ਤੋਂ ਬਾਦ ਵਣਜਾਰਾ ਬੇਦੀ ਨੇ ਆਪਣੀ ਪੁਸਤਕ ਲੋਕ ਬੀਰ ਰਾਜਾ ਰਸਾਲੂ ਵਿਚ ਇਸ ਕਥਾ ਨੂੰ ਪੇਸ ਕੀਤਾ ਹੈ।

ਬਾਵਾ ਬੁੱਧ ਸਿੰਘ ਦੁਆਰਾ ਰਚਿਤ ਨਾਟਕ ਮੁੰਦਰੀ ਛਲ ਰਾਜਾ ਰਸਾਲੂ ਦੇ ਜੀਵਨ ਦੀਆਂ ਦੋ ਘਟਨਾਵਾਂ ਤੇ ਅਧਾਰਿਤ ਹੈ। ਬਾਵਾ ਬੁੱਧ ਸਿੰਘ ਦਾ ਹੀ ਵਿਚਾਰ ਹੈ ਰਸਾਲੂ ਦੇ ਨੌ ਕਾਰਨਾਮੇ ਹਨ, ਮੁੰਦਰੀ ਛਲ ਨਾਟਕ ਏਹਨਾ ਦੇ ਇਕ ਕਾਰਨਾਮੇ ਦਾ ਨਿਚੋੜਹੈ। ਸੀਲਾ ਦੇਵੀ ਦੀ ਵਾਰ ਮਸਹੂਰ ਹੈ ਪਰ ਇਸ ਨਾਟਕ ਵਿਚ ਉਸ ਵਾਰ ਦੀ ਵਾਰਤਾ ਨੂੰ ਅਦਲ ਬਦਲ ਦਿੱਤਾ।[3]

ਮੁੰਦਰੀ ਛਲ ਨਾਟਕ ਵਿਚ ਤਿੰਨ ਅੰਕ ਹਨ ਤੇ ਹਰ ਇਕ ਅੰਕ ਦੀਆਂ ਕ੍ਰਮਵਾਰ 8,6, 9 ਝਾਂਕੀਆਂ ਹਨ। ਨਾਟਕਕਾਰ ਨੇ ਪ੍ਰਚਲਿਤ ਮੂਲ ਕਥਾ ਵਿਚ ਕਈ ਬਦਲਾਵ ਕੀਤੇ ਹਨ। ਕਪੂਰ ਸਿੰਘ ਘੁੰਮਣ ਨੇ ਰਾਣੀ ਕੋਕਿਲਾ ਦੀ ਪ੍ਰੀਤ ਕਥਾ ਨੂੰ ਅਧਾਰ ਬਣਾ ਕੇ ਰਾਣੀ ਕੋਕਿਲਾ ਨਾਟਕ ਦੀ ਰਚਨਾ ਕੀਤੀ ਹੈ। ਉਹਨਾਂ ਨੇ ਆਪਣੇ ਨਾਟਕ ਵਿਚ ਇਸ ਕਥਾ ਨੂੰ ਉਸੇ ਰੂਪ ਵਿਚ ਹੀ ਪੇਸ ਕੀਤਾ ਹੈ ਜਿਸ ਰੂਪ ਵਿਚ ਕਿੱਸਾਕਾਰ ਕਾਦਰਯਾਰ ਨੇ ਕਿੱਸੇ ਦੇ ਰੂਪ ਵਿਚ ਚਿਤਰਿਆ ਹੈ। ਭਾਵ ਉਹਨਾ ਤੇ ਮੂਲ ਕਥਾ ਵਿਚ ਕੋਈ ਬਦਲਾਵ ਨਹੀਂ ਕੀਤਾ।

ਬਾਵਾ ਬੁੱਧ ਸਿੰਘ ਦੇ ਨਾਟਕ ਮੁੰਦਰੀ ਛਲ ਦੀ ਸ਼ੁਰੂਆਤ ਨਟ-ਨਟੀ ਦੇ ਵਾਰਤਾਲਾਪ ਤੋਂ ਹੁੰਦੀ ਹੈ। ਨਾਟਕ ਦੇ ਆਰੰਭ ਵਿਚ ਰਸਾਲੂ ਅਤੇ ਮਹਿਤਾ ਚੋਪਟ ਖੇਡਦੇ ਦਿਖਾਈ ਦਿੰਦੇ ਹਨ। ਮਹਿਤਾ ਰਸਾਲੂ ਕੋਲ ਆਪਣੀ ਪਤਨੀ ਦੀ ਪ੍ਰਸੰਸਾ ਕਰਦਾ ਹੈ ਪਰੰਤੂ ਰਸਾਲੂ ਦੇ ਚਲਿੱਤਰਾ ਨੂੰ ਜਾਣਦਾ ਹੈ। ਰਸਾਲੂ ਮਹਿਤੇ ਨੂੰ ਕਹਿੰਦਾ ਹੈ ਕਿ

---

[3]ਮੁੰਦਰੀ ਛਲ, ਪੰਨਾ (ਮੁੱਖ ਬੰਦ)

ਹੋਰ ਲੈ ਹੋਰ, ਇਕ ਨਾਂ ਦੋ ਭਾਈ, ਇਸਤ੍ਰੀ ਸਿਮਰਨ ਜਿਤ ਹੋਈ। ਭਲਾ ਇਸਤ੍ਰੀ ਕੀ ਤੇ ਉਸਦਾ ਸੱਤ ਕੀ, ਤੇ ਉਸਦੇ ਆਸਰੇ ਜਿਤ ਕੀ ਸੀਤਾ ਜੇਹੀ ਸਤਵੰਤੀ ਤੇ ਵੀ ਰਾਜਾ ਰਾਮਚੰਦ ਜੇਹੇ ਅਵਤਾਰ ਸ਼ੱਕ ਕਰਨੋ ਨਾ ਰਹੇ।[4]

ਜਦੋਂ ਮਹਿਤਾ ਆਪਣੀ ਪਤਨੀ ਦੀ ਵਡਿਆਈ ਕਰਨੋ ਨਹੀ ਹਟਦਾ ਤਾ ਰਸਾਲੂ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਮਹਿਤੇ ਦੀ ਪਤਨੀ ਦੇ ਸਤ ਦੀ ਪ੍ਰੀਖਿਆ ਕਰਨੀ ਚਾਹੀਦੀ ਹੈ ਜਿਸ ਦੀ ਪ੍ਰਸੰਸਾ ਉਹ ਸਾਰਾ ਦਿਨ ਕਰਦਾ ਰਹਿੰਦਾ ਹੈ। ਰਸਾਲੂ ਬਹਾਨੇ ਨਾਲ ਮਹਿਤੇ ਨੂੰ ਕੁਝ ਦਿਨਾਂ ਲਈ ਬਾਹਰ ਘੋੜੇ ਖਰੀਦਣ ਭੇਜ ਦਿੰਦਾ ਹੈ। ਮਹਿਤੇ ਦੇ ਜਾਣ ਤੋਂ ਬਾਦ ਰਸਾਲੂ ਭੇਸ ਬਦਲ ਕੇਮਹਿਤੇ ਦੇ ਘਰ ਉਸ ਦੀ ਪਤਨੀ ਕੋਲ ਜਾਂਦਾ ਹੈ। ਪਰ ਸੀਲਾ ਹਰ ਹਾਲਤ ਵਿਚ ਆਪਣੇ ਸਤ ਨੂੰ ਕਾਇਮ ਰੱਖਦੀ ਹੈ। ਰਸਾਲੂ ਉਸ ਨੂੰ ਆਪਣੀ ਧਰਮ ਭੈਣ ਬਣਾ ਲੈਂਦਾ ਹੈ। ਪਰ ਫਿਰ ਵੀ ਰਸਾਲੂ ਸੀਲਾ ਦੇ ਪਲੰਘ ਦੀ ਚਾਦਰ ਥੱਲੇ ਆਪਣੀ ਮੁੰਦਰੀ ਰੱਖ ਦਿੰਦਾ ਹੈ। ਜਦੋਂ ਮਹਿਤਾ ਵਾਪਸ ਆਉਂਦਾ ਹੈ ਉਸਦੇ ਹੱਥ ਰਸਾਲੂ ਦੀ ਮੁੰਦਰੀ ਲੱਗ ਜਾਂਦੀ ਹੈ।

ਮੈਹਤਾ, ਅਜੇ ਵੀ ਕੂੜ ਤੋਂ ਬਾਜ ਨਹੀਂ ਆਉਂਦੀ। ਇਕ ਰਿਸਾਲੂ ਛਲੀਆ ਰਸੀਆ, ਚੋਰ, ਇਕ ਤੂੰ ਚੋਰਾ ਦੀ ਮੋਰ ਨਾਰ ਛਿਨਾਰ, ਮੇਰੇ ਘਰ ਮੇਰੀ ਪਤ ਦਾ ਉਜਾੜ। ਅੱਹਲਿਆ ਨੇ ਰਿਸੀ ਦਾ ਝੁਗਾ ਗਾਲਿਆ, ਤੂੰ ਮੇਰਾ ਜਨਮ ਖਰਾਬ ਕੀਤਾ। ਜਾ ਬੁਰਿਆਰ ਇਸਤਰੀ ਦੂਰ, ਤੂੰ ਏਹਨਾ ਮੈਹਲਾ ਦੇ ਲਾਇਕ ਨਹੀਂ[5]

ਮੁੰਦਰੀ ਮਿਲਣ ਤੇ ਮਹਿਤੇ ਨੂੰ ਆਪਣੀ ਪਤਨੀ ਤੇ ਸ਼ੱਕ ਹੋ ਜਾਂਦਾ ਹੈ। ਉਹ ਆਪਣੀ ਪਤਨੀ ਨੂੰ ਬਦਚਲਣ ਸਮਝ ਕੇ ਸ਼ੱਕ ਕਰਦਾ ਹੈ ਤੇ ਉਸ ਨੂੰ ਆਪਣੇ ਮਹਿਲਾ ਦੀ ਨੌਕਰਾਣੀ ਬਣਾ ਦਿੰਦਾ ਹੈ।

ਜਦੋਂ ਪਤੀ ਪਤਨੀ ਦੇ ਰਿਸ਼ਤੇ ਵਿਚ ਸ਼ੱਕ ਪੈਦਾ ਹੋ ਜਾਂਦਾ ਹੈ ਤਦ ਰਿਸ਼ਤੇ ਨੂੰ ਬਣਾਈ ਰੱਖਣਾ ਔਖਾ ਹੋ ਜਾਂਦਾ ਹੈ। ਕਈ ਵਾਰ ਨੌਬਤ ਤਲਾਕ ਤੱਕ ਵੀ ਪਹੁੰਚ ਜਾਂਦੀ ਹੈ। ਨਾਟਕ ਵਿਚ ਇਹ ਘਟਨਾ ਇਕ ਨਵਾਂ ਮੋੜ ਉਸ ਸਮੇਂ ਲੈਂਦੀ ਹੈ ਜਦੋਂ ਰਸਾਲੂ ਨੂੰ ਮਹਿਤੇ ਤੇ ਸੀਲਾ ਦੀ ਘਰੇਲੂ ਲੜਾਈ ਦਾ ਪਤਾ

---

[4] ਮੁੰਦਰੀ ਛਲ, ਪੰਨਾ 9

[5] ਮੁੰਦਰੀ ਛਲ, ਪੰਨਾ 49

ਲੱਗਦਾ ਹੈ। ਰਸਾਲੂ ਮਹਿਤੇ ਨੂੰ ਬਹੁਤ ਸਮਝਾਉਦਾ ਹੈ। ਅੰਤ ਵਿਚ ਰਸਾਲੂ ਦੇ ਸਮਝਾਉਣ ਤੇ ਮਹਿਤਾ ਆਪਣੀ ਪਤਨੀ ਦੀ ਪ੍ਰੀਖਿਆ ਲੈਂਦਾ ਹੈ। ਪ੍ਰੀਖਿਆ ਹੋਣ ਤੋਂ ਬਾਦ ਸੀਲਾ ਆਪਣੇ ਪਤੀ ਨੂੰ ਮਾਫ ਨਹੀ ਕਰਦੀ ਕਿਉਂਕਿ ਗਰਮ ਤੇਲ ਵਿਚੋਂ ਮੁੰਦਰੀ ਕੱਢ ਲੈਣ ਨਾਲ ਉਸਦਾ ਦੂਜਾ ਜਨਮ ਹੋਇਆ ਹੈ।

ਸੀਲਾ – (ਮੈਹਤੇ ਵਲ ਸਿਰ ਨਿਵਾ) ਮੈਹਤਾ ਜੀ, ਅੱਜ ਤੋਂ ਤੁਹਾਡਾ ਮੇਰਾ ਇਸਤ੍ਰੀ-ਪਤੀ ਦਾ ਸਾਕ ਠੰਡਾ ਪੇਇਆ, ਮੈਂ ਹੁਨ ਉਹ ਸੀਲਾ ਨਹੀ ਜਿਸ ਦਾ ਵਿਵਾਹ ਤੁਹਾਡੇ ਨਾਲ ਹੋਇਆ ਸੀ। ਮੇਰਾ ਹੁਨ ਨਵਾਂ ਜਨਮ ਹੈ। ਤੁਸੀਂ ਮੇਰੇ ਵੀਰ ਤੇ ਮੈਂ ਤੁਹਾਡੀ ਭੈਣ।[6]

ਨਾਟਕ ਦੇ ਅੰਤ ਤੱਕ ਸੀਲਾ ਆਪਣੇ ਪਤੀ ਨੂੰ ਮਾਫ ਨਹੀਂ ਕਰਦੀ ਮਹਿਤਾ ਜੋਗੀ ਬਣ ਜਾਂਦਾ ਹੈ ਤੇ ਆਪਣੀ ਪਤਨੀ ਦੇ ਵਿਯੋਗ ਵਿਚ ਮਰ ਜਾਂਦਾ ਹੈ। ਉਦ ਸੀਲਾ ਨੂੰ ਹੋਸ਼ ਆਉਂਦੀ ਹੈ ਪਰ ਹੁਣ ਕੁਝ ਨਹੀ ਹੋ ਸਕਦਾ ਤੇ ਉਹ ਖੁਦ ਪਛਤਾਉਂਦੀ ਹੈ।

ਇਸ ਤਰਾਂ ਇਕ ਹੋਰ ਕਥਾ ਰਸਾਲੂ ਦੇ ਨਾਂ ਨਾਲ ਜੁੜੀ ਹੋਈ ਹੈ ਇਸ ਕਥਾ ਨੂੰ ਨਾਟਕ ਵਿਚ ਨਾਟ ਦੂਜਾ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਥਾ ਵਿਚ ਰਸਾਲੂ ਇਕ ਬੁੱਢੀ ਔਰਤ ਦੇ ਪੁੱਤਰ ਨੂੰ ਇਕ ਦੇਉ ਕੋਲੋ ਬਣਾਉਂਦਾ ਲਈ ਆਪ ਉਸ ਕੋਲ ਜਾਂਦਾ ਹੈ। ਉਸ ਨੂੰ ਮਾਰ ਦਿੰਦਾ ਹੈ।

ਮੁੰਦਰੀ ਛਲ ਨਾਟਕ ਵਿਚ ਰਾਜਾ ਰਸਾਲੂ ਨੂੰ ਇਕ ਪਰਉਪਕਾਰੀ ਬਣਾ ਕੇ ਪੇਸ਼ ਕੀਤਾ ਹੈ। ਜਿਹੜਾ ਮਸੀਬਤ ਸਮੇਂ ਹਰ ਇਕ ਦੀ ਸਹਾਇਤਾ ਕਰਦਾ ਹੈ।

'ਰਾਜਾ ਰਸਾਲੂ' ਹਰਸ਼ਰਨ ਸਿੰਘ ਦੁਆਰਾ ਰਚਿਤ ਇਸ ਕੜੀ ਦਾ ਦੂਜਾ ਨਾਟਕ ਹੈ ਇਸ ਨਾਟਕ ਵਿਚ ਰਸਾਲੂ ਦੀ ਬਹਾਦਰੀ ਅਤੇ ਨਿਆ ਪ੍ਰਵਿਰਤੀ ਦਾ ਉਲੇਖ ਕੀਤਾ ਗਿਆ ਹ।

ਨਾਟਕ ਵੱਖ-ਵੱਖ ਰਾਜਿਆ ਦੇ ਰਾਜ ਪ੍ਰਬੰਧ ਤੇ ਅੰਦਰੂਨੀ ਚਾਲਾਂ ਨੂੰ ਪੇਸ਼ ਕਰਦਾ ਹੈ। ਨਾਟਕ ਦਾ ਆਰੰਭ ਸੂਤਰਧਾਰ ਦੀ ਵਾਰਤਾਲਾਪ ਤੋਂ ਹੁੰਦਾ ਹੈ। ਨਾਟਕ ਦਾ ਇਕ ਪਾਤਰ ਛੱਲੇ ਦਾ ਵਾਰਤਾਲਾਪ ਤੋਂ ਰਾਜਾ ਰਸਾਲੂ ਦੇ ਮਾਤਾ-ਪਿਤਾ ਬਾਰੇ ਅਤੇ ਉਸਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਾ ਹੈ। ਸਲਵਾਨ ਆਪ ਦੱਸਦਾ ਹੈ ਕਿ ਉਹ ਬਾਸ-ਨਾਗ ਦਾ ਪੁੱਤਰ ਹੈ। ਜੋਤਸ਼ੀਆਂ ਦੇ ਕਹਿਣ ਤੇ ਉਹ

[6]ਮੁੰਦਰੀ ਛਲ, ਪੰਨਾ 120

ਆਪਣੇ ਪਹਿਲੇ ਪੁੱਤਰ ਪੂਰਨ ਦੀ ਤਰਾਂ ਰਸਾਲੂ ਨੂੰ ਵੀ ਭੋਰੇ ਵਿਚ ਪਾ ਦਿੰਦਾ ਹੈ। ਪਰ ਰਸਾਲੂ ਇਕ ਸਾਲ ਪਹਿਲਾ ਹੀ ਭੋਰੇ ਤੋਂ ਬਾਹਰ ਆ ਕੇ ਆਪਣੇ ਪਿਤਾ ਨੂੰ ਮਿਲਣ ਆਉਂਦਾ ਹੈ ਤਾ ਸਲਵਾਨ ਮਿਲਣ ਤੋਂ ਇਨਕਾਰ ਕਰ ਦਿੰਦਾ ਹੈ। ਰਸਾਲੂ ਇਕ ਵਾਰ ਅਜਾਦ ਹੋਣ ਤੋਂ ਬਾਦ ਭੋਰੇ ਵਿਚ ਨਹੀਂ ਜਾਂਦਾ।

ਰਸਾਲੂ ਦੇ ਮਨ ਵਿਚ ਰਾਜ ਭਾਗ ਦੀ ਕੋਈ ਇੱਛਾ ਨਹੀਂ ਉਸ ਨੂੰ ਆਪਣੇ ਬਾਹੂ ਬਲ ਤੇ ਪੂਰਾ ਭਰੋਸਾ ਹੈ। ਇਸ ਕਰਕੇ ਉਹ ਹਰ ਅਨਿਆਈ ਦਾ ਮੁਕਾਬਲਾ ਕਰਦਾ ਹੈ। ਨਾਟਕ ਵਿਚ ਰਸਾਲੂ ਰਾਜਾ ਨੂੰ ਉਸਦੇ ਗਲਤ ਫੈਸਲੇ ਦਾ ਅਹਿਸਾਸ ਕਰਵਾਉਂਦਾ ਹੈਤੇ ਭਵਿੱਖ ਵਿਚ ਨਿਆਕਾਰੀ ਹੋਣ ਦੀ ਪ੍ਰੇਰਨਾ ਦਿੰਦਾ ਹੈ। ਇਸੇ ਤਰਾਂ ਹੀ ਰਾਜਾ ਰਸਾਲੂ ਰਾਜਾ ਸਿਰਕਪ ਨੂੰ ਬੜੀ ਸੂਝ ਬੂਝ ਨਾਲ ਚੋਪਟ ਵਿਚ ਹਰਾ ਕੇ ਉਸ ਦੇ ਘਰ ਪੈਦਾ ਹੋਈ ਇਕ ਦਿਨ ਦੀ ਧੀ ਦਾ ਡੋਲਾ ਵੀ ਲੈ ਕੇ ਆਉਂਦਾ ਹੈ। ਉਹ ਨਾ ਕੇਵਲ ਉਸ ਦੀ ਜਾਨ ਬਖਸਦਾ ਹੈ ਸਗੋਂ ਉਸ ਨੂੰ ਉਸ ਦੀ ਗਲਤੀ ਦਾ ਅਹਿਸਾਸ ਵੀ ਕਰਵਾਉਂਦਾ ਹੈ ਤਾਂ ਕੇ ਉਹ ਭਵਿੱਖ ਵਿਚ ਵੀ ਗਲਤ ਕੰਮ ਨਾ ਕਰੇ।

ਇਸ ਤਰਾ ਰਸਾਲੂ ਜਦੋਂ ਇਕ ਸਾਧੂ ਨੂੰ ਮਿਲਦਾ ਹੈ ਤਾਂ ਉਹ ਸਾਧੂ ਨੂੰ ਉਸ ਦੇ ਅਮਲ ਕਰਮ ਤੋਂ ਜਾਣੂ ਕਰਵਾਉਂਦਾ ਹੈ ਨਾਟਕ ਦੀ ਅੰਤਿਮ ਝਾਕੀ ਵਿਚ ਰਸਾਲੂ ਕੋਕਿਲਾ ਕੋਲ ਮਹਿਲਾ ਵਿਚ ਜਾਂਦਾ ਹੈ। ਰਾਣੀ ਕੋਕਿਲਾ ਤੇ ਹੋਡੀ ਦਾ ਪਿਆਰ ਰਸਾਲੂ ਨੂੰ ਇਸ ਗੱਲ ਦਾ ਅਹਿਸਾਸ ਦਵਾਉਂਦਾ ਹੈ ਕਿ ਪਿਆਰ ਦੀ ਤਾਘ ਤੇ ਪੂਰਤੀ ਲਈ ਹਮ ਉਮਰ ਹੋਣਾ ਜਰੂਰੂ ਹੈ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਨਾਟਕਾਂ ਵਿਚ ਇਹ ਦੱਸਿਆ ਗਿਆ ਹੈ ਕਿ ਮਨੁੱਖੀ ਰਿਸ਼ਤਿਆਂ ਵਿਚ ਪਤੀ ਪਤਨੀ ਦਾ ਰਿਸ਼ਤਾ ਸਭ ਤੋਂ ਪਿਆਰਾ ਤੇ ਨਾਜ਼ੁਕ ਹੈ ਪਰ ਜੇਕਰ ਇਸ ਵਿਚ ਸ਼ੱਕ ਪੈਦਾ ਹੋ ਜਾਵੇ ਤਾਂ ਸਥਿਤੀ ਵਿਚ ਸੁਧਾਰ ਪੈਦਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਨਾਟਕ ਦੇ ਅੰਤ ਵਿਚ ਨਾਟਕਕਾਰ ਭੈਣ-ਭਰਾ ਬਣਾ ਦਿੰਦਾ ਹੈ। ਨਾਟਕਕਾਰ ਦਾ ਅਜਿਹਾ ਕਰਨਾ ਇਹ ਦਰਸਾਉਂਦਾ ਹੈ ਕਿ ਉਹਨਾਂ ਦਾ ਰਿਸ਼ਤਾ ਸਦਾ ਲਈ ਖਤਮ। ਰਾਜਾ ਰਸਾਲੂ ਨਾਟਕ ਵਿਚ ਰਸਾਲੂ ਨੂੰ ਨਿਆਸ਼ੀਲ ਰਾਜੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।